ਨੰਬਰ 923-24/ਓਸੰਟੂਟੂਟ

ਵੱਲੋਂ

ਮਿਤੀ 14/10/2024

ਮੁੱਖ ਇੰਜੀਨੀਅਰ/ਨਹਿਰਾਂ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

1. ਨਿਗਰਾਨ ਇੰਜੀਨੀਅਰ,
ਸਰਹੰਦ ਕੈਨਾਲ ਸਰਕਲ,
ਲੁਧਿਆਣਾ।

2. ਨਿਗਰਾਨ ਇੰਜੀਨੀਅਰ,
ਆਈ.ਬੀ. ਸਰਕਲ,
ਪਟਿਆਲਾ।

ਵਿਸ਼ਾ : ਰਬੀ ਸਮੇਂ ਮਿਤੀ 24-10-2024 ਤੋਂ ਮਿਤੀ 25-04-2025 ਤੱਕ ਸਰਹੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ।

*******

ਸਰਹੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਰਬੀ ਸਮੇਂ ਦੌਰਾਨ ਮਿਤੀ 24-10-2024 ਤੋਂ ਮਿਤੀ 25-04-2025 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋ ਮੰਨਜ਼ੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਸ ਵਾਰੀ ਬੰਦੀ ਪ੍ਰੋਗਰਾਮ ਦਾ ਸਬੰਧਤ ਸਾਰੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਹਿੱਤ ਕਾਫੀ ਪ੍ਰਚਾਰ ਕੀਤਾ ਜਾਵੇ। ਜਦੋਂ ਸਰਹੰਦ ਕੈਨਾਲ ਸਿਸਟਮ ਦੇ ਦੋਹਾਂ ਗਰੁੱਪਾਂ ਦਾ ਇਨਡੈਂਟ ਵੱਧ ਹੋਵੇ ਅਤੇ ਪਾਣੀ ਦੀ ਉਪਲੱਬਧਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਪ੍ਰਚੱਲਤ ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਸਾਰੇ ਰਜਬਾਹਿਆਂ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਇਸ ਨੂੰ ਲਾਗੂ ਕਰਨ, ਤਾਂ ਕਿ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਜਦੋਂ ਬਰਾਂਚ/ਨਹਿਰ ਵਿੱਚ ਪਾਣੀ ਦੀ ਉਪਲੱਬਧਤਾ ਘੱਟ ਹੋਵੇ ਜਾਂ ਇਨਡੈਂਟ ਮੁਤਾਬਿਕ ਨਾ ਚੱਲਦੀ ਹੋਵੇ ਤਾਂ ਹਰੇਕ ਰਜਬਾਹਾ ਆਪਣੀ ਵਾਰੀ ਮੁਤਾਬਿਕ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚੱਲੇ।

ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ/ਰੈਗੂਲੇਟ ਕਰਨ ਵਾਲੀਆਂ ਥਾਂਵਾਂ/ਮੁੱਖ ਨਹਿਰਾਂ, ਰਜ਼ਬਾਹਿਆਂ ਦੇ ਹੈਡ ਅਤੇ ਪਿੰਡਾਂ ਦੇ ਪੰਚਾਇਤ ਘਰਾਂ ਵਿੱਚ ਲਾਈਆਂ ਜਾਣ ਅਤੇ ਇੱਕ ਇੱਕ ਕਾਪੀ ਸਬੰਧਤ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ, ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2024-2025 ਦੇ ਰਬੀ ਸਮੇਂ ਵਿੱਚ ਪਾਣੀ ਦੀ ਉਪਲੱਬਧਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ। ਇਹ ਦੇਖਣ ਵਿੱਚ ਆਇਆ ਹੈ ਕਿ ਰਬੀ ਸਮੇਂ ਦੌਰਾਨ ਹਲਕਾ ਦਫ਼ਤਰਾਂ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ।ਇਸ ਕਰਕੇ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਬੀ ਸਮੇਂ ਦੌਰਾਨ ਵੀ ਪਾਣੀ ਦੀ ਵਰਤੋਂ ਵਧਾਉਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ।

ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਤਿਆਰ ਕਰਕੇ ਭੇਜਿਆ ਜਾਂਦਾ ਹੈ। ਜੇਕਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ ਨਹਿਰਾਂ ਜੀ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

ਨੱਥੀ/ ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰਬਰ 925-46/ਪ੍ਰਸ਼ਾਸ਼ਨ

ਮਿਤੀ 14/6/2024

ਉਪਰੋਕਤ ਦੀ ਕਾਪੀ, ਸਮੇਤ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਜਲ ਸਰੋਤ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਦਾਰਾ ਸਟੂਡਿਉ ਦੇ ਸਾਹਮਣੇ ਫੇਜ 6 ਮੋਹਾਲੀ , ।
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ।
4 ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ., ਖੇਤੀਬਾੜੀ ਯੂਨੀਵਰਸਿਟੀ ਪੰਜਾਬ, ਲੁਧਿਆਣਾ।
5 ਕਾਰਜਕਾਰੀ ਇੰਜੀਨੀਅਰ/ਬਿਸਤ ਦੁਆਬ ਕੈਨਾਲ ਮੰਡਲ, ਜਲੰਧਰ।
6. ਕਾਰਜਕਾਰੀ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਮੁੱਖ ਦਫ਼ਤਰ, ਪੰਜਾਬ, ਚੰਡੀਗੜ੍ਹ।
7. ਕਾਰਜਕਾਰੀ ਇੰਜੀਨੀਅਰ, ਸਿਧਵਾਂ ਕੈਨਾਲ ਮੰਡਲ, ਲੁਧਿਆਣਾ।
8. ਕਾਰਜਕਾਰੀ ਇੰਜੀਨੀਅਰ, ਫਰੀਦਕੋਟ ਕੈਨਾਲ ਮੰਡਲ, ਫਰੀਦਕੋਟ।
9. ਕਾਰਜਕਾਰੀ ਇੰਜੀਨੀਅਰ, ਲਹਿਲ ਆਈ.ਬੀ. ਮੰਡਲ, ਪਟਿਆਲਾ।
10. ਕਾਰਜਕਾਰੀ ਇੰਜੀਨੀਅਰ, ਸੰਗਰੂਰ ਆਈ.ਬੀ. ਮੰਡਲ, ਸੰਗਰੂਰ।
11. ਕਾਰਜਕਾਰੀ ਇੰਜੀਨੀਅਰ, ਮਾਨਸਾ ਆਈ.ਬੀ. ਮੰਡਲ, ਜਵਾਹਰਕੇ।
12. ਕਾਰਜਕਾਰੀ ਇੰਜੀਨੀਅਰ, ਬਠਿੰਡਾ ਕੈਨਾਲ ਮੰਡਲ, ਬਠਿੰਡਾ।
13. ਕਾਰਜਕਾਰੀ ਇੰਜੀਨੀਅਰ, ਰੋਪੜ ਹੈਡ ਵਰਕਸ ਮੰਡਲ, ਰੋਪੜ।

<u>ਡਿਪਟੀ ਕਮਿਸ਼ਨਰਜ਼</u>

| | | | |
|---|---|---|---|
| 14 | ਪਟਿਆਲਾ | 23 | ਬਠਿੰਡਾ |
| 15 | ਲੁਧਿਆਣਾ | 24 | ਮਾਨਸਾ |
| 16 | ਫਿਰੋਜ਼ਪੁਰ | 25 | ਮੋਗਾ |
| 17 | ਜਲੰਧਰ | 26 | ਮੁਕਤਸਰ |
| 18 | ਹੁਸ਼ਿਆਰਪੁਰ | 27 | ਨਵਾਂਸ਼ਹਿਰ |
| 19 | ਰੋਪੜ | 28 | ਤਰਨਤਾਰਨ |
| 20 | ਸੰਗਰੂਰ | 29 | ਐਸ.ਏ.ਐਸ. ਨਗਰ, ਮੋਹਾਲੀ |
| 21 | ਫਰੀਦਕੋਟ | 30 | ਬਰਨਾਲਾ |
| 22 | ਫਤਿਹਗੜ੍ਹ ਸਾਹਿਬ | | |

31. ਇਨਚਾਰਜ ਕੰਪਿਊਟਰ ਸੈਲ ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਸਹਿਪੱਤਰ/ਉਪਰੋਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ,
ਪੰਜਾਬ,ਚੰਡੀਗੜ੍ਹ।

ਸਰਹੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਰਬੀ ਸਮਾਂ, ਮਿਤੀ 24-10-2024 ਤੋਂ ਮਿਤੀ 25-04-2025 ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਲੜੀ ਨੰ: | ਸਮਾਂ | | ਗਰੁੱਪ 'ਏ' | | | ਗਰੁੱਪ 'ਬੀ' | |
|---|---|---|---|---|---|---|---|
| | ਤੋ | ਤੱਕ | ਬਿਸਤ ਦੁਆਬ ਕੈਨਾਲ | ਸਿਧਵਾਂ ਬਰਾਂਚ | ਬਠਿੰਡਾ ਬਰਾਂਚ | ਅਬੋਹਰ ਬਰਾਂਚ | ਪਟਿਆਲਾ ਫੀਡਰ |
| 1 | 24/10/2024 | 31/10/2024 | 1 | 2 | 3 | 4 | 5 |
| 2 | 01/11/2024 | 08/11/2024 | 4 | 5 | 3 | 2 | 1 |
| 3 | 09/11/2024 | 16/11/2024 | 2 | 3 | 1 | 5 | 4 |
| 4 | 17/11/2024 | 24/11/2024 | 5 | 3 | 4 | 1 | 2 |
| 5 | 25/11/2024 | 02/12/2024 | 3 | 1 | 2 | 4 | 5 |
| 6 | 03/12/2024 | 10/12/2024 | 3 | 4 | 5 | 2 | 1 |
| 7 | 11/12/2024 | 18/12/2024 | 1 | 2 | 3 | 5 | 4 |
| 8 | 19/12/2024 | 26/12/2024 | 4 | 5 | 3 | 1 | 2 |
| 9 | 27/12/2024 | 03/01/2025 | 2 | 3 | 1 | 4 | 5 |
| 10 | 04/01/2025 | 11/01/2025 | 5 | 3 | 4 | 2 | 1 |
| 11 | 12/01/2025 | 19/01/2025 | 3 | 1 | 2 | 5 | 4 |
| 12 | 20/01/2025 | 27/01/2025 | 3 | 4 | 5 | 1 | 2 |
| 13 | 28/01/2025 | 04/02/2025 | 1 | 2 | 3 | 4 | 5 |
| 14 | 05/02/2025 | 12/02/2025 | 4 | 5 | 3 | 2 | 1 |
| 15 | 13/02/2025 | 20/02/2025 | 2 | 3 | 1 | 5 | 4 |
| 16 | 21/02/2025 | 28/02/2025 | 5 | 3 | 4 | 1 | 2 |
| 17 | 01/03/2025 | 08/03/2025 | 3 | 1 | 2 | 4 | 5 |
| 18 | 09/03/2025 | 16/03/2025 | 3 | 4 | 5 | 2 | 1 |
| 19 | 17/03/2025 | 24/03/2025 | 1 | 2 | 3 | 5 | 4 |
| 20 | 25/03/2025 | 01/04/2025 | 4 | 5 | 3 | 1 | 2 |
| 21 | 02/04/2025 | 09/04/2025 | 2 | 3 | 1 | 4 | 5 |
| 22 | 10/04/2025 | 17/04/2025 | 5 | 3 | 4 | 2 | 1 |
| 23 | 18/04/2025 | 25/04/2025 | 3 | 1 | 2 | 5 | 4 |

ਨੋਟ: 1. ਇਹ ਪ੍ਰੋਗਰਾਮ ਬਿਨਾਂ ਕਿਸੇ ਨੋਟਿਸ ਦੇ ਬਦਲਿਆ/ਦੁਹਰਾਇਆ ਜਾ ਸਕਦਾ ਹੈ। ਕਪਾਹ ਦੀ ਫਸਲ ਨੂੰ ਮੁੱਖ ਰੱਖਦੇ ਹੋਏ, ਕਪਾਹ/ਨਰਮੇ ਦੀ ਬਿਜਾਈ ਲਈ ਨਿਗਰਾਨ ਇੰਜੀਨੀਅਰ ਵੱਲ ਇਨ੍ਹਾਂ ਨਹਿਰਾਂ ਵਿੱਚ 26-04-2024 ਤੋਂ ਮਿਤੀ 31-05-2025 ਤੱਕ ਦੇ ਦੌਰਾਨ ਲੋੜ ਅਨੁਸਾਰ ਪਹਿਲ ਦੇ ਅਧਾਰ ਤੇ ਪਾਣੀ ਦਿੱਤਾ ਜਾਵੇ।

2. ਨਿਗਰਾਨ ਇੰਜੀਨੀਅਰ, ਸਰਹੰਦ ਕੈਨਾਲ ਹਲਕਾ, ਲੁਧਿਆਣਾ ਅਤੇ ਨਿਗਰਾਨ ਇੰਜੀਨੀਅਰ, ਆਈ.ਬੀ. ਹਲਕਾ, ਪਟਿਆਲਾ ਇਸ ਗੱਲ ਦਾ ਧਿਆਨ ਰੱਖਣ ਕਿ ਦਮਦਮਾ ਸਾਹਿਬ ਗੁਰਦੁਆਰੇ ਦਾ ਸਰੋਵਰ ਪੂਰੀ ਤਰ੍ਹਾਂ ਭਰਿਆ ਹੋਣਾ ਚਾਹੀਦਾ ਹੈ। ਬੇਸ਼ਕ ਇਸ ਬਾਰੇ ਵਾਰੀ ਬੰਦੀ ਪ੍ਰੋਗਰਾਮ ਵਿੱਚ ਕੁੱਝ ਤਬਦੀਲੀਆਂ ਵੀ ਕਰਨੀਆ ਪੈਣ।

3. ਰਜਬਾਹੇ/ਮਾਈਨਰ ਜਿਹੜੇ ਕਿ ਪੱਕੇ ਕੀਤੇ ਹੋਏ ਹਨ, ਪੂਰੀ ਸਮਰੱਥਾ ਨਾਲੋਂ 90 ਪ੍ਰਤੀਸਤ ਤੋਂ ਘੱਟ ਡਿਸਚਾਰਜ ਨਾਲ ਨਾ ਚਲਾਇਆ ਜਾਵੇ।

4. ਇਹ ਨਹਿਰਾਂ ਉਪਰੋਕਤ ਤਰਜੀਹ ਤੇ ਪਾਣੀ ਦੀ ਉਪਲੱਬਤਾ ਅਤੇ ਹੈਡ ਆਫਿਸ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਚਲਾਈਆਂ ਜਾਣ।

| | ਗਰੁੱਪ 'ਏ' | | | ਗਰੁੱਪ 'ਬੀ' | |
|---|---|---|---|---|---|
| 1 | ਬੀ.ਡੀ.ਸੀ. | 1452 ਕਿਊਸਿਕਸ | 1 | ਅਬੋਹਰ ਬਰਾਂਚ | 3029 ਕਿਊਸਿਕਸ |
| 2 | ਸਿਧਵਾਂ ਬਰਾਂਚ | 1751 ਕਿਊਸਿਕਸ | 2 | ਪਟਿਆਲਾ ਫੀਡਰ | 4010 ਕਿਊਸਿਕਸ |
| 3 | ਬਠਿੰਡਾ ਬਰਾਂਚ | **2890.50 ਕਿਊਸਿਕਸ** | 3 | ਲੋਸਿਜ਼ | 400 ਕਿਊਸਿਕਸ |
| 4 | ਲੋਸਿਜ਼ | 400 ਕਿਊਸਿਕਸ | | | |
| | **ਜੋੜ** | **6493.50 ਕਿਊਸਿਕਸ** | | **ਜੋੜ** | 7439 ਕਿਊਸਿਕਸ |

ਨੋਟ :-ਇਸ ਸਮੇਂ ਦੌਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋਂ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਹਰਾਇਆ ਜਾ ਸਕਦਾ ਹੈ।